ਮਿੱਠੇ ਬੱਚੇ:- "ਮਿੱਠੇ ਬੱਚੇ :- 'ਸਵਦਰਸ਼ਨ ਚੱਕਰਧਾਰੀ ਭਵ'- ਤੁਸੀਂ ਲਾਈਟ ਹਾਊਸ ਬਣਨਾ ਹੈ, ਆਪਣੇ ਨੂੰ ਆਤਮਾ ਸਮਝੋ, ਇਸ ਵਿੱਚ ਗ਼ਫ਼ਲਤ ਨਹੀਂ ਕਰੋ"

ਪ੍ਰਸ਼ਨ:- ਤੁਸੀਂ ਸਭ ਤੋਂ ਵੰਡਰਫੁੱਲ ਸਟੂਡੈਂਟ ਹੋ-ਕਿਵੇਂ।

ਉੱਤਰ:- ਤੁਸੀਂ ਰਹਿੰਦੇ ਗ੍ਰਹਿਸਤ ਵਿਹਾਰ ਵਿੱਚ ਹੋ, ਸ਼ਰੀਰ ਨਿਰਵਾਹ ਦੇ ਲਈ 8 ਘੰਟੇ ਕਰਮ ਵੀ ਕਰਦੇ ਹੋ, ਨਾਲ-ਨਾਲ ਭਵਿੱਖ 21 ਜਨਮਾਂ ਦੇ ਲਈ ਵੀ 8 ਘੰਟੇ ਬਾਪ ਸਮਾਨ ਬਣਾਉਣ ਦੀ ਸੇਵਾ ਕਰਦੇ ਹੋ, ਸਭ ਕੁਝ ਕਰਦੇ ਬਾਪ ਅਤੇ ਘਰ ਨੂੰ ਯਾਦ ਕਰਦੇ ਹੋ - ਇਹ ਹੀ ਤੁਹਾਡੀ ਵੰਡਰਫੁਲ ਲਾਈਫ ਹੈ। ਨਾਲੇਜ਼ ਬਹੁਤ ਸਹਿਜ਼ ਹੈ, ਸਿਰਫ਼ ਪਾਵਨ ਬਣਨ ਦੀ ਮੇਹਨਤ ਕਰਦੇ ਹੋ।

ਓਮ ਸ਼ਾਂਤੀ ਬਾਪ ਬੱਚਿਆਂ ਨੂੰ ਪੁੱਛਦੇ ਹਨ ਨੰਬਰਵਾਰ ਪੁਰਸ਼ਾਰਥ ਅਨੁਸਾਰ। ਮੂਲਵਤਨ ਵੀ ਨੰਬਰਵਾਰ ਜਰੂਰ ਯਾਦ ਆਉਂਦਾ ਹੋਵੇਗਾ। ਬੱਚਿਆਂ ਨੂੰ ਇਹ ਵੀ ਜਰੂਰ ਯਾਦ ਆਉਂਦਾ ਹੋਵੇਗਾ ਕਿ ਅਸੀਂ ਪਹਿਲਾਂ ਸ਼ਾਂਤੀਧਾਮ ਵਿੱਚ ਰਹਿਣ ਵਾਲੇ ਹਾਂ ਫਿਰ ਆਉਂਦੇ ਹਾਂ ਸੁਖਧਾਮ ਵਿੱਚ, ਇਹ ਤਾਂ ਜਰੂਰ ਅੰਦਰ ਸਮਝਦੇ ਹੋਣਗੇ। ਮੂਲਵਤਨ ਤੋਂ ਲੈਕੇ ਇਹ ਜੋ ਸ੍ਰਿਸ਼ਟੀ ਦਾ ਚੱਕਰ ਹੈ ਉਹ ਕਿਵੇਂ ਫਿਰਦਾ ਹੈ - ਇਹ ਵੀ ਬੁੱਧੀ ਵਿੱਚ ਹੈ। ਇਸ ਸਮੇਂ ਅਸੀਂ ਬ੍ਰਾਹਮਣ ਹਾਂ ਫਿਰ ਦੇਵਤਾ, ਖੱਤਰੀ, ਵੈਸ਼, ਸ਼ੂਦਰ ਬਣਾਂਗੇ। ਇਹ ਤਾਂ ਬੁੱਧੀ ਵਿੱਚ ਚੱਕਰ ਚੱਲਣਾ ਚਾਹੀਦਾ ਹੈ ਨਾ। ਬੱਚਿਆਂ ਦੀ ਬੁੱਧੀ ਵਿੱਚ ਇਹ ਸਾਰੀ ਨਾਲੇਜ਼ ਹੈ। ਬਾਪ ਨੇ ਸਮਝਾਇਆ ਹੈ, ਪਹਿਲਾਂ ਨਹੀਂ ਜਾਣਦੇ ਸਨ। ਹੁਣ ਤੁਸੀਂ ਹੀ ਜਾਣਦੇ ਹੋ। ਦਿਨ - ਪ੍ਰਤੀਦਿਨ ਤੁਹਾਡੀ ਵਰਿੱਧੀ( ਵਾਧਾ) ਹੁੰਦੀ ਰਹੇਗੀ। ਬਹੁਤਿਆਂ ਨੂੰ ਸਿਖਾਉਂਦੇ ਰਹਿੰਦੇ ਹੋ। ਜਰੂਰ ਪਹਿਲਾਂ ਤੁਸੀਂ ਹੀ ਸਵਦਰਸ਼ਨ ਚੱਕਰਧਾਰੀ ਬਣੋਗੇ। ਇੱਥੇ ਤੁਸੀਂ ਬੈਠੇ ਹੋ, ਬੁੱਧੀ ਨਾਲ ਜਾਣਦੇ ਹੋ ਉਹ ਸਾਡਾ ਬਾਪ ਹੈ। ਉਹ ਹੀ ਸੁਪਰੀਮ ਟੀਚਰ ਹੈ ਸਿਖਾਉਣ ਵਾਲਾ। ਉਸਨੇ ਹੀ ਸਮਝਾਇਆ ਹੈ ਅਸੀਂ 84 ਦਾ ਚੱਕਰ ਕਿਵੇਂ ਲਾਉਂਦੇ ਹਾਂ। ਬੁੱਧੀ ਵਿੱਚ ਜਰੂਰ ਯਾਦ ਹੋਵੇਗਾ ਨਾ। ਇਹ ਬੁੱਧੀ ਵਿੱਚ ਹਰ ਵਕਤ ਯਾਦ ਕਰਨਾ ਹੈ, ਲੈਸਨ ਕੋਈ ਵੱਡਾ ਨਹੀਂ ਹੈ। ਸੈਕੰਡ ਦਾ ਲੈਸਨ ਹੈ। ਬੁੱਧੀ ਵਿੱਚ ਰਹਿੰਦਾ ਹੈ ਕਿ ਅਸੀਂ ਕਿੱਥੋਂ ਦੇ ਰਹਿਵਾਸੀ ਹਾਂ, ਫਿਰ ਇੱਥੇ ਕਿਵੇਂ ਪਾਰਟ ਵਜਾਉਣ ਲਈ ਆਉਂਦੇ ਹਾਂ। 84 ਦਾ ਚੱਕਰ ਹੈ। ਸਤਿਯੁੱਗ ਵਿੱਚ ਇੰਨੇ ਜਨਮ ਤ੍ਰੇਤਾ ਵਿੱਚ ਇਨੇ ਜਨਮ - ਇਹ ਚੱਕਰ ਤਾਂ ਯਾਦ ਕਰਾਂਗੇ ਨਾ। ਆਪਣਾ ਜੋ ਪੁਜੀਸ਼ਨ ਮਿਲਿਆ ਹੈ, ਪਾਰਟ ਵਜਾਇਆ ਹੈ, ਉਹ ਵੀ ਜਰੂਰ ਬੁੱਧੀ ਵਿੱਚ ਯਾਦ ਰਹੇਗਾ। ਕਹਿਣਗੇ ਅਸੀਂ ਇਹ ਡਬਲ ਸਿਰਤਾਜ ਸੀ ਫਿਰ ਸਿੰਗਲ ਤਾਜਧਾਰੀ ਬਣੇ। ਫਿਰ ਸਾਰੀ ਰਾਜਾਈ ਹੀ ਚਲੀ ਗਈ, ਤਮੋਪ੍ਰਧਾਨ ਬਣ ਗਏ। ਇਹ ਚੱਕਰ ਤਾਂ ਫਿਰਨਾ ਹੀ ਚਾਹੀਦਾ ਹੈ ਨਾ ਇਸਲਈ ਨਾਮ ਰੱਖਿਆ ਹੈ ਸਵਦਰਸ਼ਨ ਚੱਕਰਧਾਰੀ। ਆਤਮਾ ਨੂੰ ਗਿਆਨ ਮਿਲਿਆ ਹੋਇਆ ਹੈ। ਆਤਮਾ ਨੂੰ ਦਰਸ਼ਨ ਹੋਇਆ ਹੈ। ਆਤਮਾ ਜਾਣਦੀ ਹੈ ਅਸੀਂ ਇਵੇਂ - ਇਵੇਂ ਚੱਕਰ ਲਗਾਉਂਦੇ ਹਾਂ। ਹੁਣ ਫਿਰ ਜਾਣਾ ਹੈ ਘਰ। ਬਾਪ ਨੇ ਕਿਹਾ ਹੈ ਮੈਨੂੰ ਯਾਦ ਕਰੋ ਤਾਂ ਘਰ ਪਹੁੰਚ ਜਾਓਗੇ। ਇਵੇਂ ਵੀ ਨਹੀਂ ਕਿ ਇਸ ਵਕਤ ਤੁਸੀਂ ਉਸ ਅਵੱਸਥਾ ਵਿੱਚ ਬੈਠ ਜਾਓਗੇ। ਨਹੀਂ, ਬਾਹਰ ਦੀਆਂ ਬਹੁਤ ਗੱਲਾਂ ਬੁੱਧੀ ਵਿੱਚ ਆ ਜਾਂਦੀਆਂ ਹਨ। ਕਿਸੇ ਨੂੰ ਕੀ ਯਾਦ ਆਉਂਦਾ ਹੋਵੇਗਾ, ਕਿਸੇ ਨੂੰ ਕੀ ਯਾਦ ਆਉਂਦਾ ਹੋਵੇਗਾ। ਇਥੇ ਤਾਂ ਬਾਪ ਕਹਿੰਦੇ ਹਨ ਹੋਰ ਸਭ ਗੱਲਾਂ ਨੂੰ ਸਮੇਟ ਇਕ ਨੂੰ ਹੀ ਯਾਦ ਕਰੋ। ਸ਼੍ਰੀਮਤ ਮਿਲਦੀ ਹੈ ਉਸ ਤੇ ਚਲਣਾ ਹੈ। ਸਵਦਰਸ਼ਨ ਚੱਕਰਧਾਰੀ ਬਣ ਕੇ ਤੁਸੀਂ ਅੰਤ ਤਕ ਪੁਰਸ਼ਾਰਥ ਕਰਨਾ ਹੈ। ਪਹਿਲਾਂ ਤਾਂ ਕੁਝ ਪਤਾ ਨਹੀਂ ਸੀ, ਹੁਣ ਤਾਂ ਬਾਪ ਦਸਦੇ ਹਨ। ਉਨ੍ਹਾਂ ਨੂੰ ਯਾਦ ਕਰਨ ਨਾਲ ਸਭ ਕੁੱਝ ਆ ਜਾਂਦਾ ਹੈ। ਰਚੇਤਾ ਅਤੇ ਰਚਨਾ ਦੇ ਆਦਿ ਮੱਧ ਅੰਤ ਦਾ ਸਾਰਾ ਰਾਜ਼ ਬੁੱਧੀ ਵਿੱਚ ਆ ਜਾਂਦਾ ਹੈ। ਇਹ ਤਾਂ ਸਬਕ(ਪਾਠ) ਮਿਲਦਾ ਹੈ, ਉਸਨੂੰ ਤਾਂ ਘਰ ਵਿੱਚ ਵੀ ਯਾਦ ਕਰ ਸਕਦੇ ਹੋ। ਇਹ ਹੈ ਬੁੱਧੀ ਨਾਲ ਸਮਝਣ ਦੀ ਗੱਲ। ਤੁਸੀਂ ਵੰਡਰਫੁਲ ਸਟੂਡੈਂਟ ਹੋ। ਬਾਪ ਨੇ ਸਮਝਾਇਆ ਹੈ - 8 ਘੰਟੇ ਆਰਾਮ ਵੀ ਚਾਹੇ ਕਰੋ, 8 ਘੰਟਾ ਸ਼ਰੀਰ ਨਿਰਵਾਹ ਦੇ ਲਈ ਕੰਮ ਵੀ ਚਾਹੇ ਕਰੋ। ਉਹ ਧੰਦਾ ਆਦਿ ਵੀ ਕਰਨਾ ਹੈ। ਨਾਲ ਹੀ ਜੋ ਬਾਪ ਨੇ ਧੰਦਾ ਆਦਿ ਦਿੱਤਾ ਹੈ, ਆਪ ਸਮਾਨ ਬਣਾਉਣ ਦਾ। ਇਹ ਵੀ ਸ਼ਰੀਰ ਨਿਰਵਾਹ ਹੋਇਆ ਨਾ। ਉਹ ਹੈ ਅਲਪਕਾਲ ਦੇ ਲਈ ਅਤੇ ਇਹ ਹੈ 21 ਜਨਮ ਸ਼ਰੀਰ ਨਿਰਵਾਹ ਦੇ ਲਈ। ਤੁਸੀਂ ਜੋ ਪਾਰਟ ਵਜਾਉਂਦੇ ਹੋ, ਇਸ ਵਿੱਚ ਇਸਦਾ ਵੀ ਬਹੁਤ ਭਾਰੀ ਮਹੱਤਵ ਹੈ। ਜੋ ਜਿੰਨੀ ਮੇਹਨਤ ਕਰਦੇ ਹਨ ਉਨ੍ਹੀ ਹੀ ਫਿਰ ਬਾਅਦ ਵਿੱਚ ਭਗਤੀ ਵਿਚ ਉਨ੍ਹਾਂ ਦੀ ਪੂਜਾ ਹੁੰਦੀ ਹੈ। ਇਹ ਸਭ ਧਾਰਨਾ ਤੁਸੀਂ ਬੱਚਿਆਂ ਨੇ ਹੀ ਕਰਨੀ ਹੈ।

ਤੁਸੀਂ ਬੱਚੇ ਪਾਰਟਧਾਰੀ ਹੋ। ਬਾਬਾ ਤਾਂ ਸਿਰਫ਼ ਗਿਆਨ ਦੇਣ ਦਾ ਪਾਰਟ ਵਜਾਉਂਦੇ ਹਨ। ਬਾਕੀ ਸ਼ਰੀਰ ਨਿਰਵਾਹ ਦੇ ਲਈ ਪੁਰਸ਼ਾਰਥ ਤੁਸੀਂ ਕਰੋਗੇ। ਬਾਬਾ ਤਾਂ ਨਹੀਂ ਕਰਨਗੇ ਨਾ। ਬਾਪ ਤਾਂ ਆਉਂਦੇ ਹੀ ਹਨ ਬੱਚਿਆਂ ਨੂੰ ਸਮਝਾਉਣ ਦੇ ਲਈ ਕਿ ਇਹ ਵਰਲਡ ਦੀ ਹਿਸਟਰੀ ਜੋਗ੍ਰਾਫੀ ਕਿਵੇਂ-ਕਿਵੇਂ ਰਪੀਟ ਹੁੰਦੀ ਹੈ, ਚੱਕਰ ਕਿਵੇਂ ਫਿਰਦਾ ਹੈ। ਇਹ ਸਮਝਾਉਣ ਦੇ ਲਈ ਹੀ ਆਉਂਦੇ ਹਨ। ਯੁਕਤੀ ਨਾਲ ਸਮਝਾਉਂਦੇ ਰਹਿੰਦੇ ਹਨ। ਬਾਪ ਸਮਝਾਉਂਦੇ ਹਨ - ਬੱਚੇ, ਗ਼ਫ਼ਲਤ ਨਾਂ ਕਰੋ। ਸਵਦਰਸ਼ਨ ਚੱਕਰਧਾਰੀ ਮਤਲਬ ਲਾਈਟ ਹਾਊਸ ਬਣਨਾ ਹੈ। ਆਪਣੇ ਨੂੰ ਆਤਮਾ ਸਮਝਣਾ ਹੈ। ਇਹ ਤਾਂ ਜਾਣਦੇ ਹੋ ਸ਼ਰੀਰ ਬਿਨਾਂ ਆਤਮਾ ਪਾਰਟ ਵਜ਼ਾ ਨਹੀਂ ਸਕਦੀ। ਮਨੁੱਖਾਂ ਨੂੰ ਕੁੱਝ ਵੀ ਪਤਾ ਨਹੀਂ ਹੈ। ਚਾਹੇ ਤੁਹਾਡੇ ਕੋਲ ਆਉਂਦੇ ਹਨ, ਅੱਛਾ-ਅੱਛਾ ਕਰਦੇ ਹਨ ਪਰ ਸਵਦਰਸ਼ਨ ਚੱਕਰਧਾਰੀ ਨਹੀਂ ਬਣ ਸਕਦੇ, ਇਸ ਵਿੱਚ ਬਹੁਤ ਪ੍ਰੈਕਟਿਸ ਕਰਨੀ ਪੈਂਦੀ ਹੈ। ਤਾਂ ਫਿਰ ਕਿਤੇ ਵੀ ਜਾਣਗੇ ਤਾਂ ਜਿਵੇਂ ਗਿਆਨ ਦਾ ਸਾਗਰ ਬਣ ਜਾਣਗੇ। ਜਿਵੇਂ ਸਟੂਡੈਂਟ ਪੜ੍

ਕੇ ਟੀਚਰ ਬਣ ਜਾਂਦੇ ਹਨ ਫਿਰ ਕਾਲੇਜ ਵਿੱਚ ਪੜ੍ਹਾਉਂਦੇ ਹਨ ਅਤੇ ਧੰਦੇ ਵਿੱਚ ਲੱਗ ਜਾਂਦੇ ਹਨ। ਤੁਹਾਡਾ ਧੰਦਾ ਹੀ ਹੈ ਟੀਚਰ ਬਣਨਾ। ਸਭ ਨੂੰ ਸਵਦਰਸ਼ਨ ਚੱਕਰਧਾਰੀ ਬਣਾਓ। ਬੱਚਿਆਂ ਨੇ ਚਿੱਤਰ ਬਣਾਇਆ ਹੈ - ਡਬਲ ਸਿਰਤਾਜ ਰਾਜੇ ਫਿਰ ਸਿੰਗਲ ਤਾਜ ਵਾਲੇ ਰਾਜੇ ਕਿਵੇਂ ਬਣਦੇ ਹਨ, ਇਹ ਤਾਂ ਠੀਕ ਹੈ, ਪਰ ਕਦੋਂ ਤੋਂ ਕਦੋਂ ਤੱਕ ਡਬਲ ਤਾਜ ਵਾਲੇ ਸਨ? ਕਦੋਂ ਤੋਂ ਕਦੋਂ ਤੱਕ ਸਿੰਗਲ ਤਾਜ ਵਾਲੇ ਬਣੇ? ਫਿਰ ਕਿਵੇਂ ਅਤੇ ਕਦੋਂ ਰਾਜ ਖੋਇਆ ਗਿਆ? ਉਹ ਡੇਟਸ (ਤਾਰੀਖ) ਲਿਖਣੀ ਚਾਹੀਦੀ ਹੈ। ਇਹ ਬੇਹੱਦ ਦਾ ਬੜਾ ਵੱਡਾ ਡਰਾਮਾ ਹੈ। ਇਹ ਸਟ੍ਰੇਨ ਹੈ ਅਸੀਂ ਫਿਰ ਤੋਂ ਦੇਵਤਾ ਬਣਦੇ ਹਾਂ। ਅਜੇ ਬ੍ਰਾਹਮਣ ਹਾਂ। ਬ੍ਰਾਹਮਣ ਹੀ ਸੰਗਮਯੁੱਗ ਦੇ ਹਨ। ਇਹ ਕਿਸੇ ਨੂੰ ਪਤਾ ਨਹੀਂ ਜਦੋਂ ਤੱਕ ਤੁਸੀਂ ਨਾਂ ਦੱਸੋ। ਇਹ ਤੁਹਾਡਾ ਆਲੌਕਿਕ ਜਨਮ ਹੈ ਲੌਕਿਕ ਅਤੇ ਪਾਰਲੌਕਿਕ ਤੋਂ ਵਰਸਾ ਮਿਲਦਾ ਹੈ। ਲੌਕਿਕ ਤੋਂ ਵਰਸਾ ਨਹੀਂ ਮਿਲ ਸਕਦਾ। ਇਨ੍ਹਾਂ ਦੁਆਰਾ ਬਾਪ ਤੁਹਾਨੂੰ ਵਰਸਾ ਦਿੰਦੇ ਹਨ। ਗਾਉਂਦੇ ਵੀ ਹਨ - ਹੇ ਪ੍ਰਭੂ। ਇਵੇਂ ਕਦੇ ਨਹੀ ਕਹਿਣਗੇ ਹੇ ਪ੍ਰਜਾਪਿਤਾ ਬ੍ਰਹਮਾ। ਲੌਕਿਕ ਅਤੇ ਪਾਰਲੌਕਿਕ ਬਾਪ ਨੂੰ ਯਾਦ ਕਰਦੇ ਹਨ। ਇਹ ਗੱਲਾਂ ਕੋਈ ਨਹੀਂ ਜਾਣਦੇ ਤੁਸੀਂ ਜਾਣਦੇ ਹੋ। ਪਾਰਲੌਕਿਕ ਬਾਪ ਦਾ ਹੈ ਅਵਿਨਾਸ਼ੀ ਵਰਸਾ, ਲੌਕਿਕ ਦਾ ਹੈ ਵਿਨਾਸ਼ੀ ਵਰਸਾ। ਸਮਝੋ ਕੋਈ ਰਾਜੇ ਦਾ ਬੱਚਾ ਹੈ, 5 ਕਰੋੜ ਵਰਸਾ ਮਿਲਦਾ ਹੈ ਅਤੇ ਬੇਹੱਦ ਦੇ ਬਾਪ ਦਾ ਵਰਸਾ ਸਾਹਮਣੇ ਦੇਖਣਗੇ ਅਤੇ ਕਹਿਣਗੇ ਉਨ੍ਹਾਂ ਦੀ ਭੇਂਟ ਵਿੱਚ ਤਾਂ ਇਹ ਅਵਿਨਾਸ਼ੀ ਵਰਸਾ ਹੈ ਅਤੇ ਇਹ ਤਾਂ ਸਭ ਖ਼ਤਮ ਹੋਣ ਵਾਲਾ ਹੈ। ਅੱਜ ਦੇ ਜੋ ਕਰੋੜਪਤੀ ਹਨ ਉਨ੍ਹਾਂ ਨੂੰ ਮਾਇਆ ਚਟਕੀ ਹੋਈ ਹੈ, ਉਹ ਆਉਣਗੇ ਨਹੀਂ। ਬਾਪ ਹੈ ਗ਼ਰੀਬ ਨਵਾਜ਼। ਭਾਰਤ ਬਹੁਤ ਗਰੀਬ ਹੈ, ਭਾਰਤ ਵਿੱਚ ਬਹੁਤ ਮਨੁੱਖ ਵੀ ਗਰੀਬ ਹਨ। ਹੁਣ ਤੁਸੀਂ ਬਹੁਤਿਆਂ ਦਾ ਕਲਿਆਣ ਕਰਨ ਦਾ ਪੁਰਸ਼ਾਰਥ ਕਰ ਰਹੇ ਹੋ। ਅਕਸਰ ਕਰਕੇ ਬਿਮਾਰਾਂ ਨੂੰ ਵੈਰਾਗ ਆਉਂਦਾ ਹੈ। ਸਮਝਦੇ ਹਨ ਜਿਉਣਾ ਕਿਸ ਕੰਮ ਦਾ। ਇਵੇਂ ਦਾ ਰਸਤਾ ਮਿਲੇ ਜੋ ਮੁਕਤੀਧਾਮ ਵਿੱਚ ਚਲੇ ਜਾਈਏ। ਦੁੱਖ ਤੋਂ ਛੁੱਟਣ ਲਈ ਮੁੱਕਤੀ ਮੰਗਦੇ ਹਨ। ਸਤਿਯੁੱਗ ਵਿੱਚ ਮੰਗਦੇ ਨਹੀਂ ਕਿਉਂਕਿ ਉੱਥੇ ਦੁੱਖ ਨਹੀਂ ਹੈ। ਇਹ ਗੱਲਾਂ ਹੁਣ ਤੁਸੀਂ ਸਮਝਦੇ ਹੋ ਬਾਬਾ ਦੇ ਬੱਚੇ ਵਾਧੇ ਨੂੰ ਪਾਓਂਦੇ ਰਹਿਣਗੇ। ਜੋ ਸੂਰਜਵੰਸ਼ੀ - ਚੰਦ੍ਰਵਨਸ਼ੀ ਦੇਵਤਾ ਬਣਨ ਵਾਲੇ ਹਨ ਉਹ ਹੀ ਆਕੇ ਗਿਆਨ ਲੈਣਗੇ, ਨੰਬਰਵਾਰ ਪੁਰਸ਼ਾਰਥ ਅਨੁਸਾਰ। ਇਹ ਗਿਆਨ ਬਾਪ ਬਗੈਰ ਕੋਈ ਦੇ ਨਹੀਂ ਸਕਦਾ। ਹੁਣ ਤੁਸੀਂ ਬੇਹੱਦ ਦੇ ਬਾਪ ਨੂੰ ਛੱਡ ਕਿਤੇ ਵੀ ਨਹੀਂ ਜਾਓਗੇ, ਜਿਨ੍ਹਾਂ ਦਾ ਬਾਪ ਨਾਲ ਲਵ ਹੈ ਉਹ ਸਮਝ ਸਕਦੇ ਹਨ ਨਾਲੇਜ਼ ਤਾਂ ਬਹੁਤ ਸਹਿਜ਼ ਹੈ, ਬਾਕੀ ਪਾਵਨ ਬਣਨ ਵਿੱਚ ਮਾਇਆ ਵਿਘਨ ਪਾਉਂਦੀ ਹੈ। ਕਿਸੇ ਵੀ ਗੱਲ ਵਿੱਚ ਗਫ਼ਲਤ ਕੀਤੀ ਤਾਂ ਗਫ਼ਲਤ ਤੋਂ ਹੀ ਹਾਰਦੇ ਹਨ। ਇਨ੍ਹਾਂ ਦਾ ਮਿਸਾਲ ਬਾਕਸਿੰਗ ਨਾਲ ਚੰਗਾ ਲਗਦਾ ਹੈ। ਬਾਕਸਿੰਗ ਵਿੱਚ ਇਕ-ਦੂਜੇ ਤੋਂ ਜਿੱਤਦੇ ਹਨ। ਬੱਚੇ ਜਾਣਦੇ ਹਨ ਮਾਇਆ ਸਾਨੂੰ ਹਰਾ ਦਿੰਦੀ ਹੈ।

ਬਾਪ ਕਹਿੰਦੇ ਹਨ ਮਿੱਠੇ ਬੱਚੇ ਆਪਣੇ ਨੂੰ ਆਤਮਾ ਸਮਝੋ। ਬਾਪ ਖੁੱਦ ਸਮਝਦੇ ਹਨ ਇਸ ਵਿੱਚ ਮੇਹਨਤ ਹੈ। ਬਾਪ ਯੁਕਤੀ ਬਹੁਤ ਸਹਿਜ ਦਸਦੇ ਹਨ। ਅਸੀਂ ਆਤਮਾ ਹਾਂ, ਇਕ ਸ਼ਰੀਰ ਛੱਡ ਦੂਸਰਾ ਲੈਂਦੇ ਹਾਂ, ਪਾਰਟ ਵਜਾਉਂਦੇ ਹਾਂ, ਬੇਹੱਦ ਬਾਪ ਦੇ ਬੱਚੇ ਹਾਂ - ਇਹ ਚੰਗੀ ਰੀਤੀ ਪੱਕਾ ਕਰਨਾ ਹੈ। ਬਾਬਾ ਫੀਲ ਕਰਦੇ ਹਨ - ਮਾਇਆ ਇਨ੍ਹਾ ਦਾ ਬੁੱਧੀਯੋਗ ਤੋੜ ਦਿੰਦੀ ਹੈ। ਨੰਬਰਵਾਰ ਤਾਂ ਹੈ ਹੀ, ਇਸ ਹੀ ਹਿਸਾਬ ਨਾਲ ਰਾਜਧਾਨੀ ਬਣਦੀ ਹੈ। ਸਭ ਇੱਕਰਸ ਹੋ ਜਾਣ ਤਾਂ ਰਾਜਾਈ ਨਾ ਬਣੇ। ਰਾਜਾ, ਰਾਣੀ, ਪਰਜਾ, ਸ਼ਾਹੂਕਾਰ ਸਭ ਬਣਨੇ ਹਨ। ਇਹ ਗੱਲਾਂ ਤੁਹਾਡੇ ਇਲਾਵਾ ਕੋਈ ਨਹੀਂ ਜਾਣਦੇ ਹਨ। ਅਸੀਂ ਆਪਣੀ ਰਾਜਧਾਨੀ ਸਥਾਪਨ ਕਰ ਰਹੇ ਹਾਂ। ਇਹ ਸਾਰੀਆਂ ਗੱਲਾਂ ਤੁਹਾਡੇ ਵਿੱਚ ਵੀ ਅਨੰਨ੍ਹੇ ਜੋ ਹਨ ਉਨ੍ਹਾਂ ਨੂੰ ਯਾਦ ਰਹਿੰਦੀਆਂ ਹਨ। ਇਹ ਗੱਲਾਂ ਕਦੇ ਵੀ ਭੁੱਲਣੀਆਂ ਨਹੀਂ ਚਾਹੀਦੀਆਂ। ਬੱਚੇ ਜਾਣਦੇ ਹਨ ਅਸੀਂ ਭੁੱਲ ਜਾਂਦੇ ਹਾਂ। ਨਹੀਂ ਤਾਂ ਬਹੁਤ ਖੁਸ਼ੀ ਰਹਿਣੀ ਚਾਹੀਦੀ ਹੈ - ਅਸੀਂ ਵਿਸ਼ਵ ਦੇ ਮਾਲਿਕ ਬਣਦੇ ਹਾਂ। ਪੁਰਸ਼ਾਰਥ ਨਾਲ ਹੀ ਬਣਿਆ ਜਾਂਦਾ ਹੈ, ਸਿਰਫ ਕਹਿਣ ਨਾਲ ਨਹੀਂ। ਬਾਬਾ ਤਾਂ ਆਉਣ ਤੇ ਹੀ ਪੁੱਛਦੇ ਹਨ - ਬੱਚੇ ਸਾਵਧਾਨ, ਸਵਦਰਸ਼ਨ ਚੱਕਰਧਾਰੀ ਹੋਕੇ ਬੈਠੇ ਹੋ? ਬਾਪ ਵੀ ਸਵਦਰਸ਼ਨ ਚੱਕਰਧਾਰੀ ਹੈ ਨਾ ਜੋ ਇਸ ਵਿੱਚ ਪ੍ਰਵੇਸ਼ ਕਰਦੇ ਹਨ। ਮਨੁੱਖ ਤਾਂ ਸਮਝਦੇ ਹਨ ਵਿਸ਼ਣੂ ਹੈ ਸਵਦਰਸ਼ਨ ਚੱਕਰਧਾਰੀ। ਉਨ੍ਹਾਂ ਨੂੰ ਇਹ ਪਤਾ ਨਹੀਂ ਹੈ ਕਿ ਇਹ ਲਕਸ਼ਮੀ - ਨਰਾਇਣ ਹਨ! ਇਨ੍ਹਾਂ ਨੂੰ ਗਿਆਨ ਕਿਸਨੇ ਦਿੱਤਾ? ਜਿਹੜੇ ਗਿਆਨ ਨਾਲ ਇਨ੍ਹਾਂ ਨੇ ਇਹ ਲਕਸ਼ਮੀ- ਨਾਰਾਇਣ ਦਾ ਪਦ ਪਾਇਆ। ਦਿਖਾਉਂਦੇ ਹਨ ਸਵਦਰਸ਼ਨ ਚੱਕਰ ਨਾਲ ਮਾਰਿਆ। ਤੁਹਨੂੰ ਇਹ ਚਿੱਤਰ ਬਨਾਉਣ ਵਾਲਿਆਂ ਤੇ ਹਾਸਾ ਆਉਂਦਾ ਹੈ। ਵਿਸ਼ਣੂ ਹੈ ਨਿਸ਼ਾਨੀ ਕੰਮਬਾਈਨਡ ਗ੍ਰਹਿਸਤ ਆਸ਼ਰਮ ਦੀ। ਚਿੱਤਰ ਸ਼ੋਭਦਾ ਹੈ ਬਾਕੀ ਕੋਈ ਇਹ ਕੋਈ ਰਾਈਟ ਚਿੱਤਰ ਨਹੀਂ ਹੈ। ਪਹਿਲਾਂ ਤੁਸੀਂ ਨਹੀਂ ਜਾਣਦੇ ਸੀ। ਚਾਰ ਭੁਜਾ ਵਾਲਾ ਇੱਥੇ ਕਿਥੋਂ ਆਇਆ। ਇਨ੍ਹਾਂ ਸਾਰੀਆਂ ਗੱਲਾਂ ਨੂੰ ਤੁਹਾਡੇ ਵਿੱਚ ਵੀ ਨੰਬਰਵਾਰ ਜਾਣਦੇ ਹਨ। ਬਾਪ ਕਹਿੰਦੇ ਹਨ ਸਾਰਾ ਮਦਾਰ ਤੁਹਾਡੇ ਪੁਰਸ਼ਾਰਥ ਤੇ ਹੈ। ਬਾਪ ਦੀ ਯਾਦ ਨਾਲ ਹੀ ਪਾਪ ਕੱਟਦੇ ਹਨ। ਸਭ ਤੋਂ ਜ਼ਿਆਦਾ ਨੰਬਰਵਨ ਇਹ ਪੁਰਸ਼ਾਰਥ ਚੱਲਣਾ ਹੈ। ਟਾਈਮ ਤਾਂ ਬਾਪ ਨੇ ਦਿੱਤਾ ਹੈ। ਗ੍ਰਹਿਸਤ ਵਿਹਾਰ ਵਿੱਚ ਵੀ ਰਹਿਣਾ ਹੈ। ਨਹੀਂ ਤਾਂ ਬੱਚਿਆਂ ਆਦਿ ਨੂੰ ਕੌਣ ਸੰਭਾਲੇਗਾ! ਉਹ ਸਭ ਕੁੱਝ ਕਰਦੇ ਵੀ ਪ੍ਰੈਕਟਿਸ ਕਰਨੀ ਹੈ। ਬਾਕੀ ਹੋਰ ਕੋਈ ਗੱਲ ਨਹੀਂ ਹੈ। ਕ੍ਰਿਸ਼ਨ ਦੇ ਲਈ ਦਿਖਾਇਆ ਹੈ ਅਕਾਸੁਰ, ਬਕਾਸੁਰ ਆਦਿ ਨੂੰ ਸਵਦਰਸ਼ਨ ਚੱਕਰ ਨਾਲ ਮਾਰਿਆ। ਹੁਣ ਇਹ ਤੁਸੀਂ ਸਮਝਦੇ ਹੋ ਕਿ ਚੱਕਰ ਆਦਿ ਦੀ ਤਾਂ ਕੋਈ ਗੱਲ ਹੀ ਨਹੀਂ। ਕਿੰਨਾ ਫਰਕ ਹੈ। ਇਹ ਬਾਪ ਹੀ ਸਮਝਾਉਂਦੇ ਹਨ। ਮਨੁੱਖ, ਮਨੁੱਖ ਨੂੰ ਸਮਝਾ ਨਹੀਂ ਸਕਦੇ। ਮਨੁੱਖ, ਮਨੁੱਖ ਦੀ ਸਦਗਤੀ ਕਰ ਨਹੀਂ ਸਕਦੇ। ਰਚਤਾ ਅਤੇ ਰਚਨਾ ਦੇ ਆਦਿ-ਮੱਧ-ਅੰਤ ਦਾ ਰਾਜ਼ ਕੋਈ ਸਮਝਾ ਨਹੀਂ ਸਕਣਗੇ। ਸ਼ਵਦਰਸ਼ਨ ਚੱਕਰ ਦਾ ਅਰਥ ਕੀ ਹੈ ਉਹ ਵੀ ਬਾਪ ਨੇ ਹੀ ਸਮਝਾਇਆ ਹੈ। ਸ਼ਾਸਤਰਾਂ ਵਿੱਚ ਤਾਂ ਕਹਾਣੀਆਂ ਇਵੇਂ ਬਣਾਈਆਂ ਹਨ ਜੋ ਗੱਲ ਹੀ ਨਾ ਪੁੱਛੋ। ਕ੍ਰਿਸ਼ਨ ਨੂੰ ਵੀ ਹਿੰਸਕ ਬਣਾ ਦਿੱਤਾ ਹੈ! ਇਸ ਵਿੱਚ ਏਕਾਂਤ ਵਿੱਚ ਵਿਚਾਰ ਸਾਗਰ ਮੰਥਨ ਕਰਨਾ ਹੁੰਦਾ ਹੈ। ਰਾਤ ਨੂੰ ਜਿਹੜੇ ਬੱਚੇ ਪਹਿਰਾ ਦਿੰਦੇ ਹਨ ਉਨ੍ਹਾਂ ਨੂੰ ਟਾਈਮ ਬਹੁਤ ਅੱਛਾ ਮਿਲਦਾ ਹੈ, ਉਹ ਬਹੁਤ ਯਾਦ ਕਰ ਸਕਦੇ ਹਨ। ਬਾਪ ਨੂੰ ਯਾਦ ਕਰਦੇ ਸ਼ਵਦਰਸ਼ਨ ਚੱਕਰ ਵੀ ਫਿਰਾਉਂਦੇ ਰਹੋ। ਯਾਦ ਕਰੋਗੇ ਤਾਂ ਖ਼ੁਸ਼ੀ ਵਿੱਚ ਨੀਂਦ ਵੀ ਫਿੱਟ ਜਾਵੇਗੀ। ਜਿਸਨੂੰ ਧਨ ਮਿਲਦਾ ਹੈ ਉਹ ਬਹੁਤ ਖੁਸ਼ੀ ਵਿੱਚ ਰਹਿੰਦਾ ਹੈ। ਕਦੇ ਝੁਟਕੇ ਨਹੀਂ ਖਾਏਗਾ। ਤੁਸੀਂ ਜਾਣਦੇ ਹੋ ਅਸੀਂ ਏਵਰ

ਹੈਲਦੀ, ਵੈਲਦੀ ਬਣਦੇ ਹਾਂ। ਤਾਂ ਇਸ ਵਿੱਚ ਚੰਗੀ ਤਰ੍ਹਾਂ ਲਗ ਜਾਣਾ ਚਾਹੀਦਾ ਹੈ। ਇਹ ਵੀ ਹੁਣ ਬਾਪ ਜਾਣਦੇ ਹਨ ਡਰਾਮੇ ਅਨੁਸਾਰ ਜੋ ਕੁੱਝ ਚਲਦਾ ਹੈ ਉਹ ਠੀਕ ਹੈ। ਫਿਰ ਵੀ ਪੁਰਸ਼ਾਰਥ ਕਰਵਾਉਂਦੇ ਰਹਿੰਦੇ ਹਨ। ਹੁਣ ਬਾਪ ਸਿੱਖਿਆ ਦਿੰਦੇ ਹਨ, ਇਹੋ ਜਿਹੇ ਬਹੁਤ ਹਨ ਜਿਨ੍ਹਾਂ ਵਿੱਚ ਨਾ ਗਿਆਨ ਹੈ ਨਾ, ਯੋਗ ਹੈ। ਕੋਈ ਬੁੱਧੀਮਾਨ ਵਿਦਵਾਨ ਆਦਿ ਆ ਜਾਵੇ ਤਾਂ ਗੱਲ ਕਰ ਨਹੀਂ ਸਕਦੇ। ਸਰਵਿਸਏਬਲ ਬੱਚੇ ਜਾਣਦੇ ਹਨ ਸਾਡੇ ਕੋਲ ਕੌਣ-ਕੌਣ ਸਮਝਾਉਣ ਵਾਲੇ ਅੱਛੇ ਹਨ? ਫਿਰ ਬਾਪ ਵੀ ਦੇਖਦੇ ਹਨ ਇਹ ਬੁੱਧੀਮਾਨ ਪੜ੍ਹਿਆ-ਲਿਖਿਆ ਆਦਮੀ ਅੱਛਾ ਹੈ ਅਤੇ ਸਮਝਾਉਣ ਵਾਲਾ ਬੁੱਧੂ ਹੈ ਤਾਂ ਖੁੱਦ ਪ੍ਰਵੇਸ਼ ਕਰਕੇ ਉਨ੍ਹਾਂ ਨੂੰ ਚੁੱਕ ਸਕਦੇ ਹਨ। ਤਾਂ ਜੋ ਸੱਚੇ ਬੱਚੇ ਹਨ, ਉਹ ਕਹਿੰਦੇ ਹਨ ਸਾਡੇ ਵਿੱਚ ਤਾਂ ਇਤਨਾ ਗਿਆਨ ਨਹੀਂ ਸੀ ਜਿੰਨਾਂ ਬਾਪ ਨੇ ਬੈਠ ਇਨ੍ਹਾਂ ਨੂੰ ਸਮਝਾਇਆ। ਕਿਸੇ ਨੂੰ ਤਾਂ ਆਪਣਾ ਹੰਕਾਰ ਆ ਜਾਂਦਾ ਹੈ। ਇਹ ਵੀ ਉਨ੍ਹਾਂ ਦਾ ਆਉਣਾ, ਮਦਦ ਕਰਨਾ ਡਰਾਮੇ ਵਿੱਚ ਪਾਰਟ ਨੂੰਧਿਆ ਹੋਇਆ ਹੈ। ਡਰਾਮਾ ਬੜ੍ਹਾ ਵਚਿੱਤਰ ਹੈ ਇਸਨੂੰ ਸਮਝਣ ਲਈ ਬਹੁਤ ਵਿਸ਼ਾਲ ਬੁੱਧੀ ਚਾਹੀਦੀ ਹੈ।

ਹੁਣ ਤੁਸੀਂ ਬੱਚੇ ਜਾਣਦੇ ਹੋ ਅਸੀਂ ਉਹ ਰਾਜਧਾਨੀ ਸਥਾਪਨ ਕਰ ਰਹੇ ਹਾਂ ਜਿਸ ਵਿੱਚ ਸਬ ਗੋਰੇ ਹੀ ਗੋਰੇ ਸਨ। ਕਾਲੇ ਉੱਥੇ ਹੁੰਦੇ ਨਹੀਂ। ਇਹ ਵੀ ਤੁਸੀਂ ਗੋਰਾ ਅਤੇ ਕਾਲਾ ਚਿੱਤਰ ਬਣਾ ਕੇ ਲਿਖੋ। 63 ਜਨਮ ਕਾਮ ਚਿਤਾ ਤੇ ਬੈਠ ਇਵੇਂ ਦੇ ਕਾਲੇ ਬਣ ਗਏ ਹੋ। ਆਤਮਾ ਹੀ ਬਣੀ ਹੈ। ਲਕਸ਼ਮੀ - ਨਾਰਾਇਣ ਦਾ ਵੀ ਕਾਲਾ ਚਿੱਤਰ ਬਣਾਇਆ ਹੈ। ਇਹ ਨਹੀਂ ਸੱਮਝਦੇ ਕਿ ਆਤਮਾ ਕਾਲੀ ਬਣਦੀ ਹੈ। ਇਹ ਤਾਂ ਸਤਿਯੁੱਗ ਦੇ ਮਾਲਿਕ, ਗੋਰੇ ਸਨ, ਫਿਰ ਕਾਮ ਚਿਤਾ ਤੇ ਬੈਠਣ ਨਾਲ ਕਾਲੇ ਬਣਦੇ ਹਨ। ਆਤਮਾ ਪੁਨਰਜਨਮ ਲੈਂਦੇ-ਲੈਂਦੇ ਤਮੋਪ੍ਰਧਾਨ ਬਣਦੀ ਹੈ। ਤਾਂ ਆਤਮਾ ਵੀ ਕਾਲੀ ਅਤੇ ਸ਼ਰੀਰ ਵੀ ਕਾਲਾ ਹੋ ਜਾਂਦਾ ਹੈ। ਤਾਂ ਹਾਸੇ-ਹਾਸੇ ਵਿੱਚ ਪੁੱਛ ਸਕਦੇ ਹੋ ਲਕਸ਼ਮੀ-ਨਾਰਾਇਣ ਨੂੰ ਕਿਤੇ ਗੋਰਾ ਕਿਤੇ ਕਾਲਾ ਕਿਉਂ ਵਿਖਾਇਆ ਹੈ, ਕਾਰਣ? ਗਿਆਨ ਤਾਂ ਹੈ ਨਹੀਂ। ਸ਼੍ਰੀਕ੍ਰਿਸ਼ਨ ਹੀ ਗੋਰਾ ਫਿਰ ਕ੍ਰਿਸ਼ਨ ਹੀ ਸਾਂਵਰਾ ਕਿਉਂ ਬਣਾਉਂਦੇ ਹਨ ? ਇਹ ਤਾਂ ਤੁਸੀਂ ਹੁਣ ਜਾਣਦੇ ਹੋ। ਤੁਹਾਨੂੰ ਹੁਣ ਗਿਆਨ ਦਾ ਤੀਸਰਾ ਨੇਤਰ ਮਿਲਿਆ ਹੈ। ਅੱਛਾ!

ਮਿੱਠੇ-ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ - ਪਿਤਾ ਬਾਪਦਾਦਾ ਦਾ ਯਾਦ ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

**1.** ਖੁਸ਼ੀ ਨਾਲ ਭਰਪੂਰ ਰਹਿਣ ਦੇ ਲਈ ਏਕਾਂਤ ਵਿੱਚ ਬੈਠ ਮਿਲੇ ਹੋਏ ਗਿਆਨ ਧਨ ਦਾ ਸਿਮਰਨ ਕਰਨਾ ਹੈ। ਪਾਵਨ ਅਤੇ ਸਦਾ ਨਿ ਅੱਜਰੋਗੀ ਬਣਨ ਦੇ ਲਈ ਯਾਦ ਵਿੱਚ ਰਹਿਣ ਦੀ ਮੇਹਨਤ ਕਰਨੀ ਹੈ।

**2.** ਬਾਪ ਸਮਾਨ ਮਾਸਟਰ ਗਿਆਨ ਸਾਗਰ ਬਣ ਸਭ ਨੂੰ ਸਵਦਰਸ਼ਨ ਚੱਕਰਧਾਰੀ ਬਣਾਉਣਾ ਹੈ। ਲਾਈਟ ਹਾਊਸ ਬਣਨਾ ਹੈ। ਭਵਿੱਖ 21 ਜਨਮ ਦੇ ਸ਼ਰੀਰ ਨਿਰਵਾਹ ਦੇ ਲਈ ਰੂਹਾਨੀ ਟੀਚਰ ਜਰੂਰ ਬਣਨਾ ਹੈ।

ਵਰਦਾਨ:- ਤ੍ਰਿਕਾਲਦ੍ਰਸ਼ੀ ਸਥਿਤੀ ਦਵਾਰਾ ਤਿੰਨਾਂ ਕਾਲਾਂ ਦਾ ਸਪੱਸ਼ਟ ਅਨੁਭਵ ਕਰਣ ਵਾਲੇ ਮਾਸਟਰ ਨਾਲੇਜ਼ਫੁਲ ਭਵ।
ਜੋ ਤ੍ਰਿਕਾਲਦ੍ਰਸ਼ੀ ਸਥਿਤੀ ਵਿਚ ਸਥਿਤ ਰਹਿੰਦੇ ਹਨ ਉਹ ਇੱਕ ਸੈਕਿੰਡ ਵਿੱਚ ਤਿੰਨਾਂ ਕਾਲਾਂ ਨੂੰ ਸਪੱਸ਼ਟ ਵੇਖ ਸਕਦੇ ਹਨ। ਕਲ ਕੀ ਸਨ, ਅੱਜ ਕਿ ਹਨ ਅਤੇ ਕਲ ਕੀ ਹੋਣਗੇ - ਉਨ੍ਹਾਂ ਦੇ ਅੱਗੇ ਸਭ ਸਪੱਸ਼ਟ ਹੋ ਜਾਂਦਾ ਹੈ। ਜਿਵੇਂ ਕਿਸੇ ਵੀ ਦੇਸ਼ ਵਿਚ ਜਦੋਂ ਟਾਪ ਪੁਆਇੰਟ ਤੇ ਖੜੇ ਹੋਕੇ ਸਾਰੇ ਸ਼ਹਿਰ ਨੂੰ ਵੇਖਦੇ ਹਨ ਤਾਂ ਮਜਾ ਆਉਂਦਾ ਹੈ, ਇਵੇਂ ਹੀ ਸੰਗਮਯੁੱਗ ਟਾਪ ਪੁਆਇੰਟ ਹੈ, ਇਸ ਤੇ ਖੜੇ ਹੋਕੇ ਤਿੰਨਾਂ ਕਾਲਾਂ ਨੂੰ ਵੇਖੋ ਅਤੇ ਫ਼ਲਕ ਨਾਲ ਕਹੋ ਕਿ ਅਸੀਂ ਹੀ ਦੇਵਤਾ ਸੀ ਅਤੇ ਫਿਰ ਤੋਂ ਅਸੀਂ ਹੀ ਬਣਾਂਗੇ, ਇਸੇ ਨੂੰ ਕਹਿੰਦੇ ਹਨ ਮਾਸਟਰ ਨਾਲੇਜ਼ਫੁੱਲ।

ਸਲੋਗਨ:- ਹਰ ਸਮੇਂ ਅੰਤਿਮ ਘੜੀ ਹੈ, ਇਸ ਸਮ੍ਰਿਤੀ ਨਾਲ ਏਵਰਰੇਡੀ ਬਣੋ।

******